ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਮੋਗਾ

## ਪਸ਼ੂ-ਧਨ ਮੇਲਿਆਂ ਕਾਰਣ ਪਸ਼ੂਆਂ ਦੇ ਨਸਲ ਸੁਧਾਰ ਪ੍ਰੋਗਰਾਮ ਨੂੰ ਮਿਲਿਆ ਵੱਡੇ ਪੱਧਰ 'ਤੇ ਹੁੰਗਾਰਾ-ਡਿਪਟੀ ਕਮਿਸ਼ਨਰ

- **ਪੰਜਾਬ ਸਰਕਾਰ ਵੱਲੋਂ ਖੇਤੀ ਸਹਾਇਕ ਧੰਦਿਆਂ ਨੂੰ ਉਤਸ਼ਾਹਿਤ ਕਰਨ ਲਈ ਕਿਸਾਨਾਂ ਨੂੰ ਵੱਡੀ ਪੱਧਰ 'ਤੇ ਸਬਸਿਡੀਆਂ ਦਿੱਤੀਆਂ ਜਾ ਰਹੀਆਂ ਹਨ**
- **ਸ੍ਰੀ ਮੁਕਤਸਰ ਸਾਹਿਬ ਵਿਖੇ ਹੋਈ ਕੌਮੀ ਪਸੂ-ਧੰਨ ਚੈਂਪੀਅਨਸ਼ਿਪ-2016 'ਚ ਮੋਗਾ ਜ਼ਿਲ੍ਹੇ ਦੀ ਰਹੀ ਝੰਡੀ**

**ਜ਼ਿਲ੍ਹੇ ਦੇ ਪਸ਼ੂ-ਪਾਲਕਾਂ ਨੇ 11.33 ਲੱਖ ਰੁਪਏ ਦੇ ਕੀਤੇ ਇਨਾਮ ਪ੍ਰਾਪਤ**

ਮੋਗਾ ਜਨਵਰੀ 15:

ਪੰਜਾਬ ਸਰਕਾਰ ਵੱਲੋਂ ਪਸ਼ੂ-ਪਾਲਣ, ਡੇਅਰੀ ਫ਼ਾਰਮਿੰਗ ਅਤੇ ਮੱਛੀ ਪਾਲਣ ਵਰਗੇ ਖੇਤੀ ਸਹਾਇਕ ਧੰਦਿਆਂ ਨੂੰ ਉਤਸ਼ਾਹਿਤ ਕਰਨ ਦੇ ਮਕਸਦ ਨਾਲ ਕਿਸਾਨਾਂ ਨੂੰ ਵੱਡੀ ਪੱਧਰ 'ਤੇ ਸਬਸਿਡੀਆਂ ਦਿੱਤੀਆਂ ਜਾ ਰਹੀਆਂ ਹਨ।

ਡਿਪਟੀ ਕਮਿਸ਼ਨਰ ਮੋਗਾ ਸ. ਪਰਮਿੰਦਰ ਸਿੰਘ ਗਿੱਲ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪਸ਼ੂ-ਧਨ ਦੀ ਬਿਹਤਰੀ ਅਤੇ ਕਿਸਾਨਾਂ ਨੂੰ ਆਰਥਿਕ ਸੰਕਟ 'ਚੋਂ ਕੱਢਣ ਲਈ ਗੰਭੀਰ ਯਤਨ ਕੀਤੇ ਜਾ ਰਹੇ ਹਨ। ਇਸ ਮੌਕੇ ਉਨ੍ਹਾਂ ਨਾਲ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਮੋਗਾ ਡਾ. ਗੁਰਮੀਤ ਸਿੰਘ ਵੀ ਮੌਜੂਦ ਸਨ।

ਸ. ਗਿੱਲ ਨੇ ਦੱਸਿਆ ਕਿ ਸਰਕਾਰ ਵੱਲੋਂ ਸ਼ੁਰੂ ਕਰਵਾਏ ਪਸ਼ੂਧੰਨ ਮੇਲਿਆਂ ਕਾਰਣ ਪਸ਼ੂਆਂ ਦੇ ਨਸਲ ਸੁਧਾਰ ਪ੍ਰੋਗਰਾਮ ਨੂੰ ਵੱਡੇ ਪੱਧਰ 'ਤੇ ਹੁੰਗਾਰਾ ਮਿਲਿਆ ਹੈ, ਜਿਸ ਨਾਲ ਸੂਬੇ ਦੇ ਪਸ਼ੂ-ਪਾਲਕਾਂ ਦੀ ਆਰਥਿਕ ਸਥਿਤੀ ਵਿੱਚ ਸੁਧਾਰ ਹੋਇਆ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸ੍ਰੀ ਮੁਕਤਸਰ ਸਾਹਿਬ ਵਿਖੇ 8 ਤੋਂ 12 ਜਨਵਰੀ, 2016 ਦੌਰਾਨ ਕਰਵਾਈ ਗਈ ਕੌਮੀ ਪਸੂ-ਧੰਨ ਚੈਂਪੀਅਨਸ਼ਿਪ 'ਚ ਮੋਗਾ ਜ਼ਿਲ੍ਹੇ ਦੀ ਝੰਡੀ ਰਹੀ। ਉਨ੍ਹਾਂ ਦੱਸਿਆ ਕਿ ਇਸ ਪਸ਼ੂ-ਧਨ ਚੈਂਪੀਅਨਸ਼ਿਪ 'ਚ ਜ਼ਿਲ੍ਹੇ ਦੇ 557 ਜਾਨਵਰਾਂ ਨੇ ਹਿੱਸਾ ਲਿਆ, ਜਿੰਨ੍ਹਾਂ ਵਿੱਚੋਂ ਕੁੱਲ 89 ਜਾਨਵਰਾਂ ਵੱਲੋਂ 11 ਲੱਖ 33 ਹਜ਼ਾਰ ਰੁਪਏ ਦੇ ਇਨਾਮ ਪ੍ਰਾਪਤ ਕੀਤੇ ਗਏ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਕੌਮੀ ਚੈਪੀਅਨਸ਼ਿਪ 'ਚ ਸ. ਸੁਖਹਰਪ੍ਰੀਤ ਸਿੰਘ ਵਾਸੀ ਪਿੰਡ ਰੋਡੇ ਦੀ ਐਚ.ਐਫ਼.ਨਸਲ ਦੀ ਗਾਂ ਚੈਂਪੀਅਨ ਰਹੀ ਅਤੇ ਇਸੇ ਪਸ਼ੂ-ਪਾਲਕ ਦਾ ਸਾਹੀਵਾਲ ਸਾਨ੍ਹ ਸੈਕੰਡ ਰਨਰ-ਅਪ ਰਿਹਾ। ਉਨ੍ਹਾਂ ਦੱਸਿਆ ਕਿ ਪਿੰਡ ਰੋਡੇ ਦੇ ਹੀ ਪਸ਼ੂ-ਪਾਲਕ ਸੁਖਮੰਦਰ ਸਿੰਘ ਦਾ ਨੀਲੀ ਰਾਵੀ ਨਸਲ ਦਾ ਝੋਟਾ ਚੈਂਪੀਅਨ ਬਣਿਆ। ਸ. ਹਰਪ੍ਰੀਤ ਸਿੰਘ ਵਾਸੀ ਪਿੰਡ ਨੂਰਪੁਰ ਹਕੀਮਾਂ ਦੀ ਐਚ.ਐਫ.ਗਾਂ ਨੇ ਇੱਕ ਦਿਨ ਵਿੱਚ 66 ਕਿਲੋ 713 ਗ੍ਰਾਮ ਦੁੱਧ ਦੇ ਕੇ ਇੱਕ ਨਵਾਂ ਰਾਸ਼ਟਰੀ ਰਿਕਾਰਡ ਸਥਾਪਿਤ ਕੀਤਾ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਜਗਜੀਤ ਸਿੰਘ ਪਿੰਡ ਰੋਡੇ ਦੇ ਨੀਲੀ ਰਾਵੀ ਝੋਟੇ, ਸੁਖਮੰਦਰ ਸਿੰਘ ਪਿੰਡ ਲੰਗੇਆਣਾ ਦੀ ਨੀਲੀ ਰਾਵੀ ਖੀਰੀ ਕੱਟੀ, ਸ੍ਰੀ ਅਬਦੁਲ ਸਤਾਰ ਪਿੰਡ ਤਲਵੰਡੀ ਮੱਲ੍ਹੀਆਂ ਦੀ ਬੀਟਲ ਬੱਕਰੀ ਨੇ ਵੀ ਨਸਲੀ ਮੁਕਾਬਲਿਆਂ 'ਚ ਪਹਿਲੇ ਸਥਾਨ ਪ੍ਰਾਪਤ ਕੀਤੇ। ਉਨ੍ਹਾਂ ਅੱਗੇ ਦੱਸਿਆ ਕਿ ਬੂਟਾ ਸਿੰਘ ਪਿੰਡ ਚੂਹੜਚੱਕ ਦੇ ਨੀਲੀ ਰਾਵੀ ਨਸਲ ਦੇ ਕੱਟੇ, ਗੁਰਮੀਤ ਸਿੰਘ ਪਿੰਡ ਰੋਡੇ ਦੀ ਸਾਹੀਵਾਲ ਨਸਲ ਦੀ ਵਹਿੜੀ, ਜੋਗਿੰਦਰ ਸਿੰਘ ਪਿੰਡ ਬਿਲਾਸਪੁਰ ਦੀ ਸਾਹੀਵਾਲ ਨਸਲ ਦੀ ਵੱਛੀ, ਜੈ ਸਿੰਘ ਪਿੰਡ ਬੱਧਨੀ ਕਲਾਂ ਦੇ ਮੁਰ੍ਹਾ ਨਸਲ ਦੇ ਝੋਟੇ ਤੇ ਖੀਰੀ ਕੱਟੀ ਅਤੇ ਜਗਜੀਤ ਸਿੰਘ ਪਿੰਡ ਰੋਡੇ ਦੀ ਨੀਲੀ ਰਾਵੀ ਖੀਰੀ ਕੱਟੀ ਨੇ ਦੂਸਰੇ ਸਥਾਨ ਪ੍ਰਾਪਤ ਕੀਤੇ। ਗੁਰਮੀਤ ਸਿੰਘ ਪਿੰਡ ਰੋਡੇ ਦੀ ਨੀਲੀ ਰਾਵੀ ਮੱਝ ਨੇ ਤੀਸਰਾ ਇਨਾਮ ਪ੍ਰਾਪਤ ਕੀਤਾ ਅਤੇ ਇਸ ਤੋਂ ਇਲਾਵਾ ਜ਼ਿਲ੍ਹੇ ਦੇ ਹੋਰ ਬਹੁਤ ਸਾਰੇ ਪਸ਼ੂ-ਪਾਲਕਾਂ ਦੇ ਜਾਨਵਰਾਂ ਨੇ ਵੱਖ-ਵੱਖ ਸਥਾਨ ਪ੍ਰਾਪਤ ਕਰਕੇ ਇਸ ਕੌਮੀ ਪਸ਼ੂ-ਧਨ ਚੈਪੀਅਨਸ਼ਿਪ 'ਚ ਮੋਗਾ ਜ਼ਿਲ੍ਹੇ ਦਾ ਨਾਂ ਚਮਕਾਇਆ।

ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਮੋਗਾ ਸ. ਗੁਰਮੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਦੇ ਪਿੰਡ ਬੱਧਣੀ ਕਲਾਂ ਦੇ ਜੈ ਸਿੰਘ ਪੁੱਤਰ ਦਾ ਝੋਟਾ ਬਲੀ ਇਸ ਤੋਂ ਪਹਿਲਾਂ ਪੀ.ਡੀ.ਐਫ. ਦੇ ਮੇਲੇ ਵਿੱਚ ਵੀ ਜੇਤੂ ਰਹਿ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਇਹ ਝੋਟਾ ਇਸ ਕੌਮੀ ਚੈਂਪੀਅਨਸ਼ਿਪ ਦੌਰਾਨ ਵਿਸੇਸ਼ ਖਿੱਚ ਦਾ ਕੇਂਦਰ ਰਿਹਾ।

---------

ਨੰ: ਪੀ.ਆਰ(ਪ੍ਰੈ ਰੀ)2016/22

**ਫ਼ੋਟੋ ਕੈਪਸ਼ਨ** (1) ਪਿੰਡ ਬੱਧਨੀ ਕਲਾਂ ਦਾ ਜੈ ਸਿੰਘ ਆਪਣੇ ਜੇਤੂ ਝੋਟੇ ਨਾਲ।

